# The Royal Group of Colleges

## Vision

To be Globally recognized educational institution with multifaceted Development Centric approach focused on entrepreneurship, research, innovation and leadership qualities, a focus towards holistic growth of its students and a responsibility towards societal betterment.

## Mission

- To make the students time and employment relevant, Globally competent morally upright and socially responsible citizens.
- To provide opportunities for educational, vocational, professional, Social, linguistic and cultural development to the people of all abilities and backgrounds so that they can discover their potential and fulfill their aspirations.
- To develop multidimensional personality of the students by providing an opportunity to participate in literary, cultural, co-curricular, Theatrical and sports activities.
- To value originality and vision promote.

# Director's Desk



In today's world, globalization is rapidly increasing, bringing with it expanded personal mobility, access to knowledge across borders, increased demand for higher education, growing worldwide investment, and increased needs for continuing education. The twenty first century undoubtedly belongs to the men and women of strength and excellence in professional fields. At the College, we pride ourselves on the balance that we achieve for each individual student as we promote academic excellence and development of the person, all in an established, friendly and supportive environment. They tend to be confident, friendly, well-motivated and lively in their out look and approach to all that they do. They learn to challenge in a positive and constructive manner, but more importantly, they learn to ask the questions that will develop them as citizen of a global community. Each and every individual is encouraged and guided to reach the very highest standard by teachers who are dedicated to bringing out the very best in them. Our academic achievement is excellent when judged and continues to improve year after year. Our emphasis is on the quality of learning, supported by high quality teaching, and we are committed to reviewing our progress and striving to improve as a College even further. I am proud of being the Principal of such a prestigious institution dedicated to the causes of better India.

Come on dear students let's give our best and make this institution a modern temple of learning through our diligence, devotion and dedication. I wish and hope that our students will keep our esteemed flag flying high & The Royal Group of Colleges will excel remarkably in all its endeavors.

**Dr. Kuldeep Singh Bal**
**Director**

# *Principal's Desk*



**Respected Parents & Dear Students,**

It is a matter of pride to pen down for The Royal Group of Colleges, Borawal. The College is a premier institution of the region which is committed to provide quality education to the students and shape their personality. The Royal Group of Colleges has a strong professional orientation with a focus in academic excellence. We embrace our social obligations and are committed to ensure that our activities are beneficial for society. In order to attain merit in enterprise, education, research, training and other co-curricular activities we are striving to continuous improvements in pedagogical tools to ensure a conducive environment. Another are a where we have given attention is the creation of an ideal campus, free from the menaces of ragging, copying and drug-abuse.We want to produce the intellectual, literary, fully devoted and confident personalities. So we focus on all-round development of Students. The key aim of the college is to impart moral education to the students and to provide honest, hardworking and skilled human beings to the society. The institute is highly indebted to students and parents for the tremendous support extended to us in the past. It is my firm belief that your encouraging response would be a source of inspiration in future too. Wishing you all the best…!

**Dr. Kulwinder Singh Sra**

Principal

# ਕਾਲਜ ਬਾਰੇ

ਦਿ ਰੌਇਲ ਗਰੁੱਪ ਆਫ਼ ਕਾਲਜਿਜ਼ ਪਿੰਡ ਬੋੜਾਵਾਲ, ਭੀਖੀ-ਬੁਢਲਾਡਾ, ਹਾਈਵੇਅ 'ਤੇ ਜ਼ਿਲ੍ਹਾ ਮਾਨਸਾ ਵਿਖੇ ਸਥਿਤ ਸਹਿ-ਵਿੱਦਿਅਕ (Co-Educational) ਕਾਲਜ ਹੈ। 12 ਏਕੜ ਵਿੱਚ ਫੈਲਿਆ ਮਨਮੋਹਕ ਕੈਂਪਸ ਤੇ ਸ਼ਾਨਦਾਰ ਇਮਾਰਤਾਂ ਕਿਸੇ ਸ਼ਾਤੀ-ਨਿਕੇਤਨ ਦਾ ਭੁਲੇਖਾ ਪਾਉਂਦੀਆਂ ਹਨ। ਸ਼ਹਿਰ ਦੇ ਭੀੜ-ਭੜੱਕੇ ਤੋਂ ਦੂਰ ਪ੍ਰਦੂਸ਼ਣ-ਮੁਕਤ ਇਹ ਕਾਲਜ ਹਰੇ-ਭਰੇ ਖੇਤਾਂ ਵਿੱਚ ਸਥਿਤ ਹੈ। ਖੇਡਾਂ ਲਈ ਵਿਸ਼ਾਲ ਮੈਦਾਨ, ਵੱਡੇ ਹਰਿਆਲੇ ਲਾਅਨ ਕਾਲਜ ਦੀ ਖ਼ੂਬਸੂਰਤੀ ਨੂੰ ਚਾਰ-ਚੰਨ ਲਾਉਂਦੇ ਹਨ। ਕਾਲਜ ਦੀ ਬਹੁ-ਮੰਜ਼ਿਲਾ ਖ਼ੂਬਸੂਰਤ ਇਮਾਰਤ ਵਿੱਚ ਬਹੁਤ ਸੁੰਦਰ ਤੇ ਹਵਾਦਾਰ ਕਲਾਸ ਰੂਮ ਹਨ। ਇਸ ਤੋਂ ਇਲਾਵਾ ਕਾਲਜ ਦਾ ਆਧੁਨਿਕ ਫਰਨੀਚਰ ਤੇ ਹੋਰ ਸਾਜ਼ੋ-ਸਮਾਨ ਬਹੁਤ ਹੀ ਆਲ੍ਹਾ ਦਰਜੇ ਦਾ ਹੈ। ਇਸਦੀ ਸ਼ਾਨਦਾਰ ਲਾਇਬ੍ਰੇਰੀ ਵਿੱਚ ਸਿਲੇਬਸ ਦੀਆਂ ਕਿਤਾਬਾਂ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੇ ਜਰਨਲ, ਮੈਗਜ਼ੀਨ ਅਤੇ ਮਹੱਤਵਪੂਰਨ ਕਿਤਾਬਾਂ ਉਪਲਬਧ ਹਨ। ਸਾਇੰਸ, ਖੇਤੀਬਾੜੀ ਅਤੇ ਕੰਪਿਊਟਰ ਸਿੱਖਿਆ ਦੇ ਵਿਦਿਆਰਥੀਆਂ ਲਈ ਬਹੁਤ ਹੀ ਵਿਸ਼ਾਲ ਅਤੇ ਅਤਿ-ਆਧੁਨਿਕ ਪ੍ਰਯੋਗਸ਼ਲਾਵਾਂ ਮੌਜੂਦ ਹਨ।

ਕਾਲਜ ਦਾ ਬਹੁਤ ਹੀ ਤਜਰਬੇਕਾਰ ਤੇ ਦੂਰ-ਅੰਦੇਸ਼ੀ ਵਾਲਾ ਸਟਾਫ਼ ਇਸ ਦੀ ਅਕਾਦਮਿਕਤਾ ਨੂੰ ਪ੍ਰਫੁੱਲਤ ਕਰਨ ਲਈ ਵਚਨ-ਬੱਧ ਹੈ ਅਤੇ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਖਿੜੇ ਮੱਥੇ ਹੱਲ ਕਰਨ ਲਈ ਤੱਤਪਰ ਹੈ।

ਵਿਦਿਆਰਥੀਆਂ ਅੰਦਰ ਆਤਮ-ਵਿਸ਼ਵਾਸ਼, ਉੱਚ ਨੈਤਿਕ ਗੁਣਾਂ ਦੀ ਪ੍ਰਫੁੱਲਤਾ ਅਤੇ ਸਰਬ-ਪੱਖੀ ਵਿਕਾਸ ਲਈ ਕਾਲਜ ਵਿੱਚ ਅਕਾਦਮਿਕ ਅਤੇ ਸਹਿ-ਅਕਾਦਮਿਕ ਕੈਲੰਡਰ ਅਨੁਸਾਰ ਵੱਖ ਵੱਖ ਪ੍ਰੋਗਰਾਮ/ਗਤੀਵਿਧੀਆਂ ਦੇ ਆਯੋਜਨ ਰਾਹੀਂ ਭਰਪੂਰ ਉਪਰਾਲੇ ਕਰਦਿਆਂ,ਨਿਰਧਾਰਿਤ ਟੀਚੇ ਪ੍ਰਾਪਤ ਕਰਨ ਦੀ ਵਿਵੱਸਥਾ ਹੈ। ਇਸੇ ਮੰਤਵ ਦੀ ਪ੍ਰਾਪਤੀ ਲਈ ਐਨ ਸੀ ਸੀ, ਐਨ ਐਸ ਐਸ, ਰੈਡ ਕਰਾਸ, ਸੱਭਿਆਚਾਰਕ ਪ੍ਰੋਗਰਾਮ, ਸੈਮੀਨਾਰ, ਸਿਮਪੋਜੀਅਮ, ਵਰਕਸ਼ਾਪ, ਡਿਬੇਟ, ਡੈਕਲਾਮੇਸ਼ਨ ਆਦਿ ਦਾ ਆਯੋਜਨ ਕੀਤਾ ਜਾਂਦਾ ਹੈ।

ਉੱਚ ਸਿੱਖਿਅਤ ਅਤੇ ਵਿੱਦਿਆ ਦੇ ਖੇਤਰ ਵਿੱਚ ਮਿਆਰੀ ਸਾਖਵੰਦ ਪ੍ਰਾਪਤੀ ਅਤੇ ਪਹੁੰਚ ਰੱਖਣ ਵਾਲੀ ਅਣਥੱਕ ਮਿਹਨਤੀ ਅਤੇ ਨਵਪਰਿਵਰਤਨੀ ਸੋਚ ਦੀ ਧਾਰਨੀ ਕਾਲਜ ਦੀ ਮੈਨੇਜਿੰਗ ਕਮੇਟੀ ਇਸ ਸੰਸਥਾ ਦੇ ਪੂਰਨ ਹਿੱਤ ਅਤੇ ਵਿਦਿਆਰਥੀਆਂ ਦੇ ਸ਼ਾਨਦਾਰ ਭਵਿੱਖ ਲਈ ਨਿਰੰਤਰ ਯਤਨਸ਼ੀਲ ਰਹਿੰਦੀ ਹੈ। ਉਹਨਾਂ ਦੀ ਦਿਲੀ ਖ਼ੁਆਹਿਸ਼ ਤੇ ਮੰਤਵ ਹੈ ਕਿ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਗੁਣਾਤਮਕ, ਮਿਆਰੀ ਸਿੱਖਿਆ ਦੇਣ ਦੇ ਨਾਲ-ਨਾਲ ਚੰਗੀਆਂ ਕਦਰਾਂ - ਕੀਮਤਾਂ ਨਾਲ ਵੀ ਸੁਸੱਜਿਤ ਕੀਤਾ ਜਾਵੇ।

ਇਸ ਦੇ ਨਾਲ ਹੀ ਨੌਜੁਆਨ ਲੜਕੇ, ਲੜਕੀਆਂ ਨੂੰ ਅਜਿਹਾ ਸਿਰਜਣਾਤਮਕ ਮਾਹੌਲ ਮੁਹੱਈਆ ਕਰਵਾਇਆ ਜਾਵੇ ਕਿ ਉਹ ਅਨੁਸ਼ਾਸਨਬੱਧ ਆਤਮ-ਵਿਸ਼ਵਾਸ਼ ਨਾਲ ਲਬਰੇਜ਼ ਸ਼ਾਨਦਾਰ ਅਤੇ ਸਫ਼ਲ ਇਨਸਾਨ ਵਜੋਂ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਨ।

ਇਸ ਕਾਲਜ ਦੀ ਐਡਵਾਈਜ਼ਰੀ ਕਮੇਟੀ ਵਿੱਚ ਮੰਨੇ-ਪ੍ਰਮੰਨੇ ਵਿਦਵਾਨ, ਬੁੱਧੀਜੀਵੀ, ਲੇਖਕ, ਵਿਸ਼ਾ-ਮਾਹਿਰ, ਸਿੱਖਿਆ-ਸਾਸ਼ਤਰੀ ਦੇਸ਼ ਅਤੇ ਵਿਦੇਸ਼ ਨਾਲ ਸੰਬੰਧਿਤ ਪ੍ਰਮੁੱਖ ਹਸਤੀਆਂ ਹਨ। ਇਹਨਾਂ ਨੇ ਆਪਣੇ-ਆਪਣੇ ਖੇਤਰ ਵਿੱਚ ਉੱਚ-ਬੁਲੰਦੀਆਂ ਨੂੰ ਛੂਹਿਆ ਹੈ। ਇਹ ਵਿਦਵਾਨ ਸਾਡੇ ਵਿਦਿਆਰਥੀਆਂ ਦੀ ਰਹਿਨੁਮਾਈ ਕਰਨ ਦੇ ਨਾਲ-ਨਾਲ ਪ੍ਰੇਰਨਾ ਸਰੋਤ ਵੀ ਹੋਣਗੇ।

ਆਪਣੇ ਭਵਿੱਖ ਨੂੰ ਸੁਆਰਣ ਅਤੇ ਕੁੱਝ ਸਿੱਖਣ ਦੀ ਅਥਾਹ ਚਾਹਤ ਰੱਖਣ ਵਾਲੇ ਵਿਦਿਆਰਥੀਆਂ ਨੂੰ ਸਮੇਂ ਅਤੇ ਆਧੁਨਿਕ ਯੁੱਗ ਦੇ ਹਾਣੀ ਬਨਾਉਣ ਲਈ ਨਵੇਂ ਵਸੀਲੇ ਅਤੇ ਅਨੁਕੂਲ ਮਾਹੌਲ ਦੇਣ ਲਈ ਕਾਲਜ ਦੀ ਮੈਨੇਜਮੈਂਟ ਵਚਨਬੱਧ ਹੈ।

ਕਿਤਾਬੀ ਗਿਆਨ ਦੇ ਨਾਲ-ਨਾਲ ਜ਼ਿੰਦਗੀ ਨੂੰ ਸਹਿਜਤਾ, ਸੁਹਜਤਾ ਅਤੇ ਸੁਖੈਨਤਾ ਨਾਲ ਜਿਉਣ ਦੀ ਜਾਚ ਸਿਖਾਉਣਾ ਅਤੇ ਸੁਚੇਤ ਸਫ਼ਲ ਸਿਰਜਣਸ਼ੀਲ ਇੰਨਸਾਨ ਬਣਾਉਣ ਲਈ ਉਪਰਾਲੇ ਕਰਨਾ ਹੀ ਸਾਡਾ ਉਦੇਸ਼ ਹੈ।

ਵਿਦਿਆਰਥੀਆਂ ਉਹਨਾਂ ਦੇ ਮਾਪਿਆਂ ਅਤੇ ਇਲਾਕਾ ਨਿਵਾਸੀਆਂ ਲਈ ਸ਼ੁਭ ਇਛਾਵਾਂ ਸਹਿਤ,

ਪ੍ਰਬੰਧਕੀ ਕਮੇਟੀ
ਦਿ ਰੌਇਲ ਗਰੁੱਪ ਆਫ਼ ਕਾਲਜਿਜ਼।

# COURSES OFFERED

## 10+1, 10+2 ਕਾਮਰਸ, ਹਿਊਮੈਨਟੀਜ਼

ਦਿ ਰੌਇਲ ਗਰੁੱਪ ਆਫ਼ ਕਾਲਜਿਜ਼, ਬੋੜ੍ਹਾਵਾਲ, ਪੰਜਾਬੀ ਯੂਨੀਵਰਸਿਟੀ,ਪਟਿਆਲਾ ਨਾਲ ਸੰਬੰਧਿਤ ਹੈ। ਕਾਲਜ ਦੀ ਮੈਨੇਜਿੰਗ ਕਮੇਟੀ ਵੱਲੋਂ **ਦਿ ਰੌਇਲ ਗਰੁੱਪ ਆਫ ਕਾਲਜੀਏਟ ਸੀਨੀਅਰ ਸੈਕੰਡਰੀ** ਸਕੂਲ ਸ਼ੁਰੂ ਕੀਤਾ ਗਿਆ ਹੈ ਜੋ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਤੋਂ ਮਾਨਤਾ ਪ੍ਰਾਪਤ ਹੈ।

ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾ ਜਾਂ ਸਕੂਲ ਤੋਂ ਦਸਵੀਂ ਪਾਸ ਵਿਦਿਆਰਥੀ 10+1 ਵਿੱਚ ਦਾਖ਼ਲਾ ਲੈ ਸਕਦਾ ਹੈ। ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾ ਤੋਂ ਜਾਂ ਸਕੂਲ ਤੋਂ 10+1 ਪਾਸ ਕਰਨ ਵਾਲਾ ਵਿਦਿਆਰਥੀ 10+2 ਵਿੱਚ ਦਾਖ਼ਲਾ ਲੈ ਸਕਦਾ ਹੈ। ਉਹਨਾਂ ਵਿਦਿਆਰਥੀਆਂ ਉੱਪਰ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵੱਲੋਂ ਜਾਰੀ ਸਾਰੀਆਂ ਸ਼ਰਤਾਂ ਤੇ ਨਿਯਮ ਲਾਗੂ ਹੋਣਗੇ।

1. **COLLEGIATE SCHOOL :**

(a) Class 10+1 with COMMERCE and HUMANITIES streams, Eligibility is 10th pass.

(b) Class 10+2 with COMMERCE and HUMANITIES streams.

**UNDER GRADUATION, POST GRADUATION AND PROFESSIONAL COURSES.**

| COURSES (SEMESTER SYSTEM) | DURATION | ELIGIBILITY |
|---|---|---|
| BA* | 3 Years | +2 Pass or Equivalent Examination |
| BCA | 3 Years | 10+2 Pass with any stream |
| BBA | 3 Years | 10+2 Pass with any stream |
| B.Sc (Non-Medical) | 3 Years | 10+2 Pass with (Non-Medical) |
| B.Com | 3 Years | 10+2 Pass with Commerce |
| Bachelor of Journalism & Mass Communication | 3 Years | 10+2 Pass with Any Stream |
| B. Lib | 1 Year | Graduation with Any Stream |
| M. Lib | 1 Year | Graduation with B.Lib |
| D. Lib | 1 Year | 10+2 Pass with Any Stream |
| PGDCA | 1 Year | Graduation with Any Stream |
| PG Diploma in Dress Desigining & Tailoring | 1 Year | Graduation with Any Stream |
| PG Diploma in Cosmetology | 1 Year | Graduation with Any Stream |
| MA (Punjabi) | 2 Years | Graduation |
| MA (English) | 2 Years | Graduation |
| MA (History) | 2 Years | Graduation |
| MA (Pol. Science) | 2 Years | Graduation |
| M.Sc. IT (Lateral Entry) | 1 Years | Graduation with PG Diploma |
| D.Lib. (Diploma in Library Science) | 1 Years | 10+2 Pass with any stream |
| Diploma in Computer Application | 1 Years | 10+2 Pass with any stream |
| **The Royal College of Nursing** | | |
| ANM | 2 Years | 10+2 Pass with any stream |
| GNM | 3 Years | 10+2 Pass with any stream |
| **The Royal College of Physical Education** | | |
| B.P.E.S. | 3 Years | 10+2 Pass with any stream |
| P.G Diploma in Yoga | 1 Years | Graduation with Any Stream |
| **The Royal College of Pharmacy** | | |
| D.Pharmacy | | |

*** BA 1st Year**

Subjects Offered :

1. English Communication Skills
2. General Punjabi / ਪੰਜਾਬੀ ਮੁੱਢਲਾ ਗਿਆਨ
3. Student can choose any **three subjects** (One from each group) out of following Five groups.

| I | II | III | IV | V |
|---|---|---|---|---|
| History<br>Maths | English Elective<br>Punjabi Elective | Computer Application<br>Music<br>Fashion Desiging | Political Science<br>Economics | Sociology<br>Physical Education<br>Religious Studies |

## Activity Calendar- Odd Sem- 2024-25

| S.No. | Activity | Date |
|---|---|---|
| 1 | Independence day | 15/08/2024 Thursday |
| 2 | TeeyanTeej Diyan | 19/08/2024 Monday |
| 3 | Teachers Day | 05/09/2024 Thursday |
| 4 | Sahitak Milni by Punjabi Sahit Sabha | 06/09/2024 Friday |
| 5 | Poster Making Competition on Drug Abuse, AIDS Awareness and Blood Donation by Red Ribbon Club | 09/09/2024 Monday |
| 6 | World Ozone Day | 16/09/2024 Monday |
| 7 | World Peace day & Drug De-Addiction Awareness Seminar | 21/09/2024 Saturday |
| 8 | Job Fair | 22/09/2024 Sunday |
| 9 | NSS Foundation Day | 24/09/2024 Tuesday |
| 10 | Talent hunt and Tree plantation | 26/09/2024 Thursday |
| 11 | Seminar by Commerce Department | 27/09/2024 Friday |
| 12 | Shaheed Bhagat Singh's Birthday | 28/09/2024 Saturday |
| 13 | NCC Camp | 30/09/2024 Monday |
| 14 | NSS One day Camp | 06/10/2024 Sunday |
| 15 | Workshop by Computer Science Department | 07/10/2024 Monday |
| 16 | Youth leadership Camp | 2nd week of October |
| 17 | Martyrdom day S.Kartar Singh Sarabha | 16/11/2024 Saturday |
| 18 | Workshop on Research Methodology | 23/11/2024 Saturday |
| 19 | Workshop on Languages & Communication | 25/11/2024 Monday |
| 20 | World AIDS Day | 01/12/2024 Monday |
| 21 | Human Rights Day | 10/12/2024 Tuesday |
| 22 | World Computer Day | 02/12/ 2024 Monday |

## Activity Calendar- Even Sem-2024-25

| | | |
|---|---|---|
| 1 | National Youth Day- Birthday Swami Vivekanand Ji | 12/01/2025 Sunday |
| 2 | Lohri Celebration | 13/01/2025 Monday |
| 3 | Republic day | 26/01/2025 Sunday |
| 4 | Anti – Cancer Day | 04/02/2025 Tuesday |
| 5 | International Mother Language Day | 21/02/2025 Friday |
| 6 | Annual Athletic Meet | Last Week of February 2025 |
| 7 | International Women's Day | 08/03/2025 Saturday |
| 8 | World Water Day by Eco Club and Red Cross Unit | 22/03/2025 Saturday |
| 9 | Martyrdom Day of Shaheed Bhagat Singh, Rajguru and SukhdevJi | 23/03/2025 Sunday |
| 10 | World Heath Day by NSS & Red Ribben Club | 07/04/2025 Monday |
| 11 | World Heritage Day - NSS | 18/04/2025 Friday |
| 12 | Earth Day - NSS | 22/04/2025 Tuesday |
| 13 | World Book Day- Literary Club | 23/05/2025 Friday |
| 14 | Red Cross Day by Red Ribbon Club | 09/05/2025 Friday |
| 15 | National Anti-Terrorism Day | 21/05/2025 Wednesday |
| 16 | Anti-Tobacco by NSS | 31/05/2025 Saturday |
| 17 | World Environment Day - NSS & NCC | 05/06/2025 Thursday |

## Academic Calendar -2023-24

| | | |
|---|---|---|
| 1 | Orientation Program all Course | 02/08/2024 to 12/08/2024 |
| 2 | Accessing Slow &Advance Learners | In 2nd Week of Session |
| 3 | Remedial Classes for slow learners – all department | Once in Month (August) |
| 4 | Alumni interaction program – Punjabi | Once in Month |
| 5 | Alumni interaction program – Political Science | Once in Month |
| 6 | Alumni interaction program – English | Once in Month |
| 7 | Alumni interaction program – History | Once in Month |
| 8 | Alumni interaction program – M.Sc (IT) | Once in Month |
| 9 | Alumni interaction program – Library Science | Once in Month |
| 10 | Guidance & Placement Sessions for Final year Students by (GPC Cell) | End of March |
| 11 | Interview Facing Workshops & Resume Writing | February & March |
| 12 | Intra Department Competitions | First Week of October |
| 13 | Inter Department Completions | Second Week of October |
| 14 | Inter College Competition | Third Week of October |
| 15 | Feedback from Students & Alumni | End of Semester |
| 16 | FDPs | Once in Semester |
| 17 | Workshops | Once in Semester |
| 18 | Guest Lecture/Extension Lecture /Seminar | Every Month |
| 19 | Alumni Meet | Last Week July |
| 20 | Course Choices by Students | In March |
| 21 | Guidance & Counseling Camp | In February |
| 22 | MST – 1 | Last Week of October |
| 23 | MST – 2 | Last Week of March |
| 24 | Final Exams | End of Semester |

# *International Activities*




The Colombian artists in their dynamic costumes performing at the 5th Royal International Folk Festival.

"Captivating Creativity: Colombian Artists Strike a Pose, Radiating Passion and Expression."






"A magical moment unfolds as a Colombian Artists take the spotlight, showcasing their rich heritage through an enchanting performance at the 5th Royal International Folk Festival."

"Celebrating diversity and talent: The Royal Group of Colleges hosts an enchanting evening with the Colombian Delegation, showcasing the vibrant art and music of both nations."



# *Zonal Youth Festival*



"A Tapestry of Colors and Rhythms: Zonal Youth and Folk Festival 2023, Hosted by RGC, Embracing Diversity and Heritage."

"Honourable Cabinet Minister Shri Aman Arora graces the inaugural ceremony of Zonal Youth Festival, inspiring young talents at Mansa Zone."





Award Ceremony of martyrs families by NCC unit 20 PB BN NCC.



Inter College 7 days Training Camp by NCC unit 20 PB BN NCC .

# Co-Curricular Activities



Seeking the Blessings from Almighty in the starting of Academic session.

"Uniting for a Cause: NSS Volunteers Make a Difference at Blood Donation Camp."






"Minister S. Balkar Singh pays a visit to The Royal Group of Colleges, emphasizing the importance of quality education and its role in shaping a prosperous nation."

Alumni Meet Organised by the College.



# 3rd Convocation




Hon'ble Vice Chancellor of Amity University , Mohali (Prof. Dr.) R.K. Kohli Awarding Degree at 3rd Convocation 2023.

"Radiant smiles illuminate the atmosphere as graduates celebrate their academic journey at convocation."





Modern state of the art Cafeteria at the College Camps.

Modern Gym by Viva Fitness (USA) is now installed for students fitness at the college campus.



# *Sports Activities*




The Royal Group of Colleges Basketball women's team bagged gold at the inter college basketball championship organised by Punjabi University, Patiala.



Kabaddi Players in action in 'The Royal Kabaddi Cup' organised by the College.



6th Punjab State Gatka Championship held at The Royal College.



Glimps of students in action at the annual athletic meet organised by the College.

# Shining Stars

## Who make us proud

## Placements



Lakhveer Singh
Revnue Department Patwari

Kuldeep Singh
Master Cadre

Hardeep Singh
Job In Master Cadre (SST)

Gagandeep Singh
UGC-NET JRF(M.Lib)



Maninder Singh
Vocational Trainer
Govt School

Bikram Singh
ETT Teacher

Rimpy kaur
ETT Teacher

Davinderpal Singh
Govt job-Computer Operators

Rimpy Kaur
Govt Job Librarain

Ram Singh
PSPCL Lineman (B.lib)

## UG Courses



Sona Rani
(M.Lib ) Punjabi
Uni. Patiala
Gold medalist

Harjinder Kaur
B.lib 85 %

Sukhpreet Kaur
B.lib 87%

Gurveer Singh
D.Lib 72%

Manjinder Kaur
BCA , Marks-85%

Eishaan Singh Chahal
DCA, Marks-80%

Veerpal Kaur
B.lib Marks-85%

Veerpal Kaur
B.A-III, Marks-81%

## PG Courses



Gagandeep Kaur
M.A-ENG,
Marks-90%

Satvir Kaur
M.A.Eng-2nd,
Marks -82%

Pinky Kaur
M.A- Punjabi
Marks 85 %

Jaspreet Kaur
M.A.-PBI
82% 2nd

Pammi Kaur,
M.A-PBI
2nd Sem- 86%

Shimla Kaur
M.A- PBI
2nd Sem-84%

Shinderpal Kaur
M.A-PBI
2nd Sem-82% ,

Gurmeet Kaur
M.A-History
85% Marks

Sarabjeet Kaur
M.sc-IT,
Marks-82 %

Sona Rani
M.Lib 1st Position

Diljan Mahala
M.Lib 87%

## Sports



Surinder Singh
Asian Championship
National Gold Medlist

Ranjeet Singh
Asian Championship
Bronz Medal

Sanju Bala
Bronze Medal in
All India Inter University

Lakhwinder Singh
Silver Medal in National
Shooting Championship

Balkaran Singh
Mr. Punjab

Rammi Singh
First Place Triple Jump in
Uni. Inter College

Kamaljeet Singh
2nd Place Triple Jump
in Uni. inter College

Vinaypal Singh
Gold Medal in Gatka all
India Uni. inter Collage



Gagandeep Singh
Kabbadi Inter University

Lakhwinder Singh
Silver Medal In
National Shooting
Championship

Rajvir Singh
Baskat Ball
inter university

Pitu Kotra
Kabbadi Punjab Style

Husanpreet singh
Baskat Ball
Inter University

Manoj Kumar
Kabbadi National

Lakhveer Singh
Athlete

# ਦਿ ਰੌਇਲ ਗਰੁੱਪ ਆਫ਼ ਕਾਲਜਿਜ਼ ਅਖ਼ਬਾਰਾਂ ਦੀ ਨਜ਼ਰ ਵਿੱਚ

## ਪੰਜਾਬ ਸਾਹਿਤ ਅਕਾਦਮੀ ਦਾ ਯੁਵਾ ਸਾਹਿਤ ਉਤਸਵ ਸਮਾਪਤ



## ਦਿ ਰੌਇਲ ਗਰੁੱਪ ਆਫ਼ ਕਾਲਜ ਦੀ ਵਰਕਸ਼ਾਪ ਸਮਾਪਤ



## ਰੌਇਲ ਕਾਲਜ ਵਿਖੇ ਮਨਾਇਆ ਕੌਮਾਂਤਰੀ ਮਾਂ ਬੋਲੀ ਦਿਹਾੜਾ ਮਨਾਇਆ





## ਦਿ ਰੌਇਲ ਗਰੁੱਪ ਆਫ ਕਾਲਜਿਜ ਬੋੜਾਵਾਲ ਵਿਖੇ ਗਣਤੰਤਰ ਦਿਵਸ ਮਨਾਇਆ

ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com

## ਓਪਨ ਯੁਵਕ ਮੇਲੇ 'ਚ ਰੌਇਲ ਕਾਲਜ ਬੋੜਾਵਾਲ ਦੀ ਝੰਡੀ



ਓਪਨ ਯੁਵਕ ਮੇਲੇ 'ਚ ਜਿੱਤ ਦਰਜ ਕਰਨ ਵਾਲੇ ਵਿਦਿਆਰਥੀਆਂ ਦਾ ਸਵਾਗਤ ਕਰਨ ਸਮੇਂ ਪ੍ਰਿੰਸੀਪਲ ਤੇ ਸਟਾਫ਼।

**ਪ੍ਰਾਪਤੀ**

- ਲੋਕ ਗੀਤਾਂ, ਕਵੀਸ਼ਰੀ ਤੇ ਫੋਕ ਆਰਕੈਸਟਰਾ 'ਚ ਦੂਜਾ ਸਥਾਨ
- ਰੰਗੋਲੀ, ਭਾਸ਼ਣ ਮੁਕਾਬਲਾ 'ਚ ਪਹਿਲੇ ਸਥਾਨ 'ਤੇ

ਚੰਡੀਗੜ੍ਹ — Punjabi Tribune

## ਪੰਜਾਬ ਸਾਹਿਤ ਅਕਾਦਮੀ ਵੱਲੋਂ ਸੈਮੀਨਾਰ



## ਬਾਰ੍ਹਵੀਂ ਦੇ ਪੇਪਰ ਦੇ ਚੁੱਕੀਆਂ ਵਿਦਿਆਰਥਣਾ ਲਈ ਵਿਸੇਸ ਵਰਕਸ਼ਾਪ 10 ਅਪਰੈਲ ਤੋਂ



## ਗੁਰਪ੍ਰੀਤ, ਗੁਰਜੀਤ ਅਤੇ ਗੁਰਵਿੰਦਰ ਨੇ ਹਾਸਲ ਕੀਤੀਆਂ ਪਹਿਲੀਆਂ ਪੁਜ਼ੀਸ਼ਨਾਂ

### ਬੀ. ਲਿਬ ਦਾ ਨਤੀਜਾ



## ਦਿ ਰੌਇਲ ਗਲੋਬਲ ਸਕੂਲ ਵਿੱਚ ਉਤਸ਼ਾਹ ਨਾਲ ਮਨਾਇਆ ਗਿਆ ਵਿਸਾਖੀ ਦਾ ਤਿਉਹਾਰ



## ਦਿ ਰੌਇਲ ਗਰੁੱਪ ਆਫ ਕਾਲਜਿਜ ਵਿਖੇ ਸ਼ਖ਼ਸੀਅਤ ਉਸਾਰੀ ਲਈ ਐਕਸਟੈਨਸ਼ਨ ਗਤੀਵਿਧੀਆਂ ਕਰਵਾਈਆਂ

ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com

## ਆਰਟੀਫੀਸ਼ੀਅਲ ਇੰਟੈਲੀਜੈਂਸ ਅੱਜ ਦੇ ਸਮੇਂ ਦੀ ਅਹਿਮ ਲੋੜ : ਡਾ.ਕੰਬੋਜ



ਦੇਸ਼ ਪ੍ਰਦੇਸ਼ ਟਾਈਮਜ਼



## ਰੌਇਲ ਕਾਲਜ ਦਾ ਬੀ.ਏ ਭਾਗ ਤੀਜਾ ਦਾ ਨਤੀਜਾ ਰਿਹਾ ਸ਼ਾਨਦਾਰ

## ਰੌਇਲ ਕਾਲਜ ਦੀ ਵਰਕਸ਼ਾਪ 'ਚ ਪਾਲ ਸਮਾਓਂ ਨੇ ਪੰਜਾਬੀ ਵਿਰਸਾ ਬਚਾਉਣ ਲਈ ਵਿਦਿਆਰਥੀਆਂ ਨੂੰ ਕੀਤਾ ਉਤਸ਼ਾਹਤ



## ਰੌਇਲ ਕਾਲਜ ਆਫ਼ ਨਰਸਿੰਗ ਦਾ ਜੀਐਨਐਮ ਦਾ ਨਤੀਜਾ ਰਿਹਾ ਸ਼ਾਨਦਾਰ

ਬੇਅੰਤ ਕੌਰ, ਪੂਜਾ ਕੌਰ ਅਤੇ ਵਿਸ਼ਾਲ ਸਿੰਘ ਨੇ ਕੀਤਾ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ



ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com



## ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਦੇ ਹੋਕੇ ਨਾਲ ਰੌਇਲ ਕਾਲਜ ਬੋੜਾਵਾਲ ਵਿਖੇ 2 ਰੋਜ਼ਾ 'ਯੁਵਾ ਸਾਹਿਤਕ ਉਤਸਵ' ਸਮਾਪਤ

## ਰਾਖਵੀਆਂ ਸੀਟਾਂ

1. 51% ਸੀਟਾਂ ਮੈਰਿਟ ਅਨੁਸਾਰ ਭਰੀਆਂ ਜਾਣਗੀਆਂ ਅਤੇ 49% ਸੀਟਾਂ ਹੇਠ ਲਿਖੇ ਵਿਦਿਆਰਥੀਆਂ ਲਈ ਰਾਖਵੀਆਂ ਹਨ।

| | | |
|---|---|---|
| ੳ) | ਅਨੁਸੂਚਿਤ ਜਾਤੀਆਂ | 25% |
| ਅ) | ਪੱਛੜੀਆਂ ਜਾਤੀਆਂ | 5% |
| ੲ) | ਆਰਮਡ ਫੋਰਸਿਜ਼, ਸੀ.ਆਰ.ਪੀ ਜਾਂ ਬੀ.ਐਸ.ਐਫ. ਵਿਚ ਸੇਵਾ ਕਰ ਰਹੇ ਅਫਸਰਾਂ/ ਕਰਮਚਾਰੀਆਂ ਦੇ ਬੱਚਿਆਂ ਲਈ (ਇਸ ਵਿੱਚ ਉਹ ਅਧਿਕਾਰੀ/ਕਰਮਚਾਰੀ ਵੀ ਸ਼ਾਮਿਲ ਹੋਣਗੇ ਜੋ ਸੇਵਾ ਦੌਰਾਨ ਸਵਰਗਵਾਸ ਹੋ ਗਏ ਹਨ। | 2% |
| ਸ) | ਖਿਡਾਰੀਆਂ ਲਈ (ਪੰਜਾਬ ਸਪੋਰਟਸ ਦਫ਼ਤਰ ਵਲੋਂ ਗਰੇਡਿੰਗ ਦੇ ਅਧਾਰ 'ਤੇ) | 2% |
| ਹ) | ਆਜ਼ਾਦੀ ਸੰਗਰਾਮੀਆਂ ਦੇ ਬੱਚਿਆਂ ਲਈ | 2% |
| ਕ) | ਸਰੀਰਕ ਤੌਰ 'ਤੇ ਅਪਾਹਜ ਵਿਦਿਆਰਥੀਆਂ ਲਈ | 2% |
| ਖ) | ਬਾਰਡਰ ਏਰੀਆ/ਬੈਕਵਰਡ ਏਰੀਆ 2% ਹਰੇਕ | 4% |
| ਗ) | ਸ਼ਹੀਦ ਹੋਏ ਸੁਰੱਖਿਆ ਕਰਮੀਆਂ ਦੇ ਬੱਚੇ/ਵਿਧਵਾਵਾਂ ਜਾਂ 50% ਜਾਂ ਇਸ ਤੋਂ ਵੱਧ ਅਪਾਹਜ ਹੋਏ, ਵੀਰਤਾ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਦੇ ਬੱਚੇ ਅਤੇ ਸੇਵਾ ਕਰ ਰਹੇ/ਕਰ ਚੁੱਕੇ ਕਰਮਚਾਰੀਆਂ ਦੇ ਬੱਚੇ | 2% |
| ਘ) | ਨਵੰਬਰ 1984 ਦੰਗਾ ਪੀੜਤ | 2% |
| ਙ) | ਤਲਾਕ-ਸ਼ੁਦਾ/ਵਿਧਵਾ ਔਰਤਾਂ ਲਈ ਰਾਖਵਾਂਕਰਨ | 1% |

ਚ) ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਹਦਾਇਤ ਅਨੁਸਾਰ 10% ਸੀਟਾਂ ਵਾਧੂ ਕਾਇਮ ਕਰਕੇ ਪੇਂਡੂ, ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇਗਾ।

ਛ) ਯੁਵਕ ਮੇਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਸਾਰੇ ਕੋਰਸਾਂ ਲਈ ਐਂਟਰੀ ਪੁਆਇੰਟ ਤੇ ਵਾਧੂ ਸੀਟਾਂ ਦੀ ਗਿਣਤੀ 8 ਹੋਵੇਗੀ ਇਸ ਦੀ ਮੈਰਿਟ ਦਾ ਫੈਸਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਹੋਵੇਗਾ। ਇਹ ਦਾਖ਼ਲੇ ਪ੍ਰਿੰਸੀਪਲ ਵੱਲੋਂ ਬਣਾਈ ਕਮੇਟੀ ਕਰੇਗੀ। (ਯੂਨੀਵਰਸਿਟੀ ਪੱਤਰ ਨੰ: 4028-4000 O.S./College ਮਿਤੀ 4.7.2003)

ਨੋਟ: ਸਰਕਾਰ ਦੇ ਯੂਨੀਵਰਸਿਟੀ ਦੁਆਰਾ ਰਾਖਵੇਂਕਰਨ ਲਈ ਜੋ ਵੀ ਨਿਯਮ ਹੋਣਗੇ ਉਹ ਲਾਗੂ ਕੀਤੇ ਜਾਣਗੇ।

## ਦਾਖ਼ਲੇ ਲਈ ਸਾਂਝੇ ਨਿਯਮ

1. ਰਾਖਵੀਂ ਸੀਟ 'ਤੇ ਦਾਖ਼ਲਾ ਲੈਣ ਲਈ ਦਾਖ਼ਲਾ ਫ਼ਾਰਮ ਤੇ ਰਾਖਵੀਂ ਸ਼੍ਰੇਣੀ ਦਾ ਲਿਖਤੀ ਅਤੇ ਸਮਰੱਥ ਅਧਿਕਾਰੀ ਦਾ ਸਰਟੀਫਿਕੇਟ ਨਾਲ ਨੱਥੀ ਨਾ ਕਰਨ 'ਤੇ ਉਮੀਦਵਾਰ ਨੂੰ ਰਾਖਵੀਂ ਸੀਟ ਦਾ ਲਾਭ ਨਹੀਂ ਮਿਲੇਗਾ।
2. ਜਿਨ੍ਹਾਂ ਕਲਾਸਾਂ ਦਾ ਨਤੀਜਾ ਯੂਨੀਵਰਸਿਟੀ ਵੱਲੋਂ ਲੇਟ ਘੋਸ਼ਿਤ ਕੀਤਾ ਜਾਂਦਾ ਹੈ ਉਨ੍ਹਾਂ ਕਲਾਸਾਂ ਦੇ ਸਬੰਧਤ ਵਿਦਿਆਰਥੀ ਅਗਲੀ ਕਲਾਸ ਵਿੱਚ ਦਾਖ਼ਲਾ ਲੈਣ ਲਈ ਆਪਣੇ ਦਾਖ਼ਲਾ ਫਾਰਮ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ ਤਿੰਨ ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾ ਦੇਣ। ਇੰਟਰਵਿਊ ਦੀ ਮਿਤੀ ਸਬੰਧੀ ਸੂਚਨਾ ਨੋਟਿਸ ਬੋਰਡ ਉੱਪਰ ਲਗਾਈ ਜਾਵੇਗੀ।
3. ਦਾਖ਼ਲਾ ਲੈਣ ਵਾਲੇ ਉਮੀਦਵਾਰ ਖ਼ੁਦ ਹਾਜ਼ਰ ਹੋਣਗੇ।
4. ਦਾਖ਼ਲਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਨੂੰ ਦਿੱਤੀ ਮਿਤੀ ਨੂੰ ਹੀ ਫੀਸ/ਫੰਡ ਜਮ੍ਹਾਂ ਕਰਵਾਉਣੇ ਪੈਣਗੇ, ਨਹੀਂ ਤਾਂ ਉਸਦਾ ਦਾਖ਼ਲਾ ਰੱਦ ਕਰਕੇ ਉਸ ਦੀ ਥਾਂ 'ਤੇ ਅਗਲੇ ਵਿਦਿਆਰਥੀ ਨੂੰ ਦਾਖ਼ਲ ਕਰ ਲਿਆ ਜਾਵੇਗਾ।
5. ਦਾਖ਼ਲੇ ਸਬੰਧੀ ਕੋਈ ਵੀ ਸੂਚਨਾ ਕਾਲਜ ਦੇ ਨੋਟਿਸ ਬੋਰਡ 'ਤੇ ਹੀ ਲਗਾਈ ਜਾਵੇਗੀ।
6. ਦਾਖ਼ਲਾ ਲੈਣ ਵਾਲੇ ਜਿਹੜੇ ਵੀ ਸਰਟੀਫ਼ਿਕੇਟ ਵਿਦਿਆਰਥੀ ਪੇਸ਼ ਕਰੇਗਾ ਉਨ੍ਹਾਂ ਦੀ ਪੁੱਛ ਪੜਤਾਲ ਸਬੰਧਿਤ ਅਧਿਕਾਰੀ ਪਾਸੋਂ ਕਰਵਾਈ ਜਾ ਸਕਦੀ ਹੈ।
7. **ਐਸ.ਸੀ./ਬੀ.ਸੀ. ਵਰਗ ਨਾਲ ਸਬੰਧਿਤ ਵਿਦਿਆਰਥੀ ਲਈ** ਆਪਣਾ ਵਜ਼ੀਫ਼ਾ ਫ਼ਾਰਮ ਸਬੰਧਿਤ ਕਲਰਕ ਪਾਸੋਂ ਪ੍ਰਾਪਤ ਕਰਕੇ ਆਪਣਾ ਨਾਮ ਦਰਜ ਕਰਵਾਉਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੈ।
8. ਸਰਕਾਰ ਦੀਆਂ ਹਿਦਾਇਤਾਂ ਜਾਂ ਸਥਾਨਕ ਹਾਲਾਤ ਨੂੰ ਮੁੱਖ ਰੱਖਦਿਆਂ ਵਿਦਿਆਰਥੀਆਂ ਦੀ ਭਲਾਈ ਲਈ ਕਾਲਜ ਪ੍ਰਿੰਸੀਪਲ ਉਪਰੋਕਤ ਨਿਯਮਾਂ ਵਿੱਚ ਤਬਦੀਲੀ ਕਰ ਸਕਦਾ ਹੈ।

## ਨੋਟ

1. ਜੇਕਰ ਕੋਈ ਵਿਦਿਆਰਥੀ ਕਿਸੇ ਵੀ ਗ਼ਲਤ ਬਿਆਨੀ ਕਰਕੇ ਜਾਂ ਗ਼ਲਤ ਸਰਟੀਫ਼ਿਕੇਟ ਦੇ ਕੇ ਕਾਲਜ ਵਿੱਚ ਦਾਖ਼ਲ ਹੋ ਜਾਂਦਾ ਹੈ ਤਾਂ ਕਿਸੇ ਵੀ ਸਮੇਂ ਪਤਾ ਲੱਗਣ 'ਤੇ ਉਸ ਦਾ ਦਾਖ਼ਲਾ ਖ਼ਾਰਿਜ ਕੀਤਾ ਜਾਵੇਗਾ ਅਤੇ ਉਸ ਵਿਰੁੱਧ ਕਾਨੂੰਨੀ/ਅਨੁਸ਼ਾਸਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।ਉਸ ਵਿਦਿਆਰਥੀ ਦੀ ਫ਼ੀਸ ਵਾਪਿਸ ਨਹੀਂ ਹੋਵੇਗੀ।
2. ਕਿਸੇ ਵੀ ਸ਼੍ਰੇਣੀ/ਵਿਸ਼ੇ ਵਿੱਚ ਦਾਖ਼ਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਕੋਰਸ ਦੀ ਗਿਣਤੀ ਦਾਖ਼ਲੇ ਸਮੇਂ ਸਟਾਫ਼ ਦੀ ਸਥਿਤੀ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ।
3. ਕਾਲਜ ਵਿੱਚ ਦਾਖ਼ਲ ਹੋਇਆ ਵਿਦਿਆਰਥੀ ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖ਼ਲ ਨਹੀਂ ਹੋ ਸਕਦਾ ਹੈ ਅਤੇ ਨਾ ਹੀ ਕਿਸੇ ਥਾਂ 'ਤੇ ਨੌਕਰੀ ਕਰ ਸਕਦਾ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
4. ਡੀ.ਪੀ.ਆਈ. (ਕ) ਪੰਜਾਬ ਪੱਤਰ ਨੰ: 15/24-91 ਦੇ ਕਾ ਅ (4) ਮਿਤੀ 6-4-91 ਅਨੁਸਾਰ 15 ਵਿਦਿਆਰਥੀਆਂ ਤੋਂ ਘੱਟ ਦੀ ਸੂਰਤ ਵਿੱਚ ਵਿਸ਼ਾ/ਕਲਾਸ ਚਾਲੂ ਨਹੀਂ ਕੀਤੀ ਜਾਵੇਗੀ। ਉਨ੍ਹਾਂ ਵਿਸ਼ਿਆਂ/ਸ਼੍ਰੇਣੀਆਂ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਨੂੰ ਆਪਣਾ ਵਿਸ਼ਾ/ਸ਼੍ਰੇਣੀ ਬਦਲਣੀ ਪਵੇਗੀ, ਜੋ ਕਾਲਜ ਵਿੱਚ ਦਿੱਤੇ ਵਿਸ਼ਾ ਸੰਜੋਗ ਅਨੁਸਾਰ ਨਹੀਂ ਹੋਵੇਗੀ।

## ਅਨੁਸੂਚਿਤ ਜਾਤੀ/ਕਬੀਲੇ (ਪੋਸਟ ਮੈਟਰਿਕ ਵਜ਼ੀਫ਼ਾ ਲੈਣ ਵਾਲੇ) ਵਿਦਿਆਰਥੀਆਂ ਵਲੋਂ ਦਾਖ਼ਲਾ ਫਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼

1. ਦਸਵੀਂ ਪਾਸ ਦਾ ਸਰਟੀਫਿਕੇਟ
2. ਬਾਰ੍ਹਵੀਂ ਪਾਸ ਦਾ ਸਰਟੀਫਿਕੇਟ
3. ਪੰਜਾਬ ਦੇ ਨਿਵਾਸੀ ਹੋਣ ਦਾ ਸਬੂਤ
4. ਜਾਤੀ ਦਾ ਸਰਟੀਫਿਕੇਟ
5. ਤਹਿਸੀਲਦਾਰ ਤੋਂ ਆਮਦਨੀ ਦਾ ਸਰਟੀਫਿਕੇਟ
6. ਆਧਾਰ ਕਾਰਡ (ਵਿਦਿਆਰਥੀ)
7. ਆਧਾਰ ਕਾਰਡ (ਮਾਤਾ-ਪਿਤਾ)
8. ਪਿਛਲੇ ਪਾਸ ਕੀਤੇ ਇਮਤਿਹਾਨ ਦਾ ਨਤੀਜਾ
9. ਫੋਟੋ (5 ਪਾਸਪੋਰਟ ਸਾਇਜ਼)
10. ਸਾਰੇ ਦਸਤਾਵੇਜਾਂ ਦੀਆਂ ਤਿੰਨ-ਤਿੰਨ ਕਾਪੀਆਂ
11. ਵਿਦਿਆਰਥੀ ਵਲੋਂ ਸਵੈ-ਤਸਦੀਕ (ਸਾਰੇ ਦਸਤਾਵੇਜ਼)
12. ਬੈਂਕ ਖਾਤੇ ਦਾ ਪੂਰਾ ਵੇਰਵਾ

## ਕਾਲਜ ਵਿੱਚ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ

1. ਦਾਖ਼ਲੇ ਦੀ ਬਿਨਾ ਲੇਟ ਫ਼ੀਸ ਅੰਤਿਮ ਮਿਤੀ ਤੋਂ ਅਗਲੇ ਦਿਨ।
2. ਕਲਾਸਾਂ ਕਾਲਜ ਵੱਲੋਂ ਨਿਰਧਾਰਿਤ ਟਾਈਮ-ਟੇਬਲ ਅਨੁਸਾਰ ਲਗਦੀਆਂ ਹਨ।
3. ਵਿਦਿਆਰਥੀਆਂ ਨੂੰ ਟਾਈਮ-ਟੇਬਲ ਅਤੇ ਸੈਕਸ਼ਨ ਦੀ ਵੰਡ ਬਾਰੇ ਜਾਣਕਾਰੀ ਆਮ ਇਕੱਠ/ਨੋਟਿਸ ਬੋਰਡ/ਵਿਭਾਗਾਂ ਦੇ ਮੁਖੀਆਂ ਰਾਹੀਂ ਦਿੱਤੀ ਜਾਂਦੀ ਹੈ।
4. ਸਿਰਫ਼ ਵਿਭਾਗ ਦੇ ਮੁਖੀ ਦੁਆਰਾ ਦਿੱਤੇ ਗਏ ਸੈਕਸ਼ਨ ਵਿੱਚ ਹੀ ਵਿਦਿਆਰਥੀ ਨੂੰ ਕਲਾਸ ਲਗਾਉਣ ਦੀ ਆਗਿਆ ਦਿੱਤੀ ਜਾਵੇਗੀ।

## ਵਿਸ਼ਿਆਂ ਦੀ ਬਦਲੀ

1. ਯੂਨੀਵਰਸਿਟੀ ਵੱਲੋਂ ਨਿਰਧਾਰਿਤ ਬਿਨਾਂ ਲੇਟ ਫ਼ੀਸ ਦਾਖ਼ਲੇ ਦੀ ਮਿਤੀ ਤੋਂ 21 ਦਿਨਾਂ ਦੇ ਵਿੱਚ ਹੀ ਵਿਸ਼ਾ ਬਦਲੀ ਕੀਤੀ ਜਾ ਸਕਦੀ ਹੈ।
2. ਪ੍ਰਿੰਸੀਪਲ ਵੱਲੋਂ ਵਿਸ਼ਾ ਬਦਲਣ ਦੀ ਮਨਜ਼ੂਰੀ ਪਿੱਛੋਂ ਵਿਦਿਆਰਥੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਛੱਡ ਗਏ ਵਿਸ਼ੇ ਦੇ ਪ੍ਰਾਧਿਆਪਕ ਪਾਸ ਹਾਜ਼ਰੀ ਰਜਿਸਟਰ ਵਿੱਚੋਂ ਆਪਣਾ ਨਾਮ ਕਟਵਾ ਕੇ,ਨਵੇਂ ਵਿਸ਼ੇ ਦੇ ਪ੍ਰਾਧਿਆਪਕ ਪਾਸ ਹਾਜ਼ਰੀ ਰਜਿਸਟਰ ਵਿੱਚ ਆਪਣਾ ਨਾਮ ਦਰਜ਼ ਕਰਵਾਏ।

## ਨਤੀਜਾ ਲੇਟ ਨਿਕਲਣ ਸਬੰਧੀ

ਜਿਨ੍ਹਾਂ ਵਿਦਿਆਰਥੀਆਂ ਦਾ ਬੋਰਡ/ਯੂਨੀਵਰਸਿਟੀ ਦਾ ਨਤੀਜਾ ਲੇਟ ਨਿਕਲਦਾ ਹੈ, ਉਨ੍ਹਾਂ ਨੂੰ ਨਿਰਧਾਰਿਤ ਸਮੇਂ ਅੰਦਰ ਦਾਖ਼ਲ ਹੋਣ ਉਪਰੰਤ ਸਬੰਧਿਤ ਅਧਿਆਪਕ ਸਾਹਿਬਾਨਾਂ ਨੂੰ ਆਪਣੇ ਨਤੀਜੇ ਨਿਕਲਣ ਦੀ ਮਿਤੀ ਖ਼ੁਦ ਲਿਖਾਉਣੀ ਹੋਵੇਗੀ ਤਾਂ ਕਿ ਅਜਿਹੇ ਵਿਦਿਆਰਥੀ ਦੇ ਲੈਕਚਰਾਂ ਨੂੰ ਲੇਟ ਦਾਖ਼ਲ ਹੋਣ ਦੀ ਮਿਤੀ ਤੋਂ ਗਿਣਿਆ ਜਾ ਸਕੇ।

## ਕਾਲਜ ਵਿੱਚ ਹਾਜ਼ਰੀਆਂ

1. ਲੈਕਚਰਾਰ ਵੱਲੋਂ ਲਗਾਈਆਂ ਗਈਆਂ ਕੁਲ ਹਾਜਰੀਆਂ ਵਿੱਚੋਂ ਪੰਜਾਬੀ ਯੂਨੀਵਰਸਿਟੀਆਂ ਦੇ ਨਿਯਮਾਂ ਅਨੁਸਾਰ ਵਿਦਿਆਰਥੀਆਂ ਲਈ 75% ਹਾਜ਼ਰੀਆਂ ਪ੍ਰਾਪਤ ਕਰਨੀਆਂ ਜ਼ਰੂਰੀ ਹਨ। ਇਹ ਸ਼ਰਤ ਪੂਰੀ ਨਾ ਕਰ ਸਕਣ ਵਾਲੇ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਨਹੀਂ ਬੈਠ ਸਕਣਗੇ। ਯੂਨੀਵਰਸਿਟੀ ਨਿਯਮਾਂ ਵਿੱਚ ਦਰਸਾਈਆਂ ਹਾਲਤਾਂ/ਸੀਮਾਵਾਂ ਤੋਂ ਇਲਾਵਾਂ ਕਿਸੇ ਵੀ ਆਧਾਰ 'ਤੇ ਛੋਟ ਨਹੀਂ ਦਿੱਤੀ ਜਾ ਸਕਦੀ।
2. ਵਿਦਿਆਰਥੀ ਹਰ ਮਹੀਨੇ ਆਪਣੇ ਸਬੰਧਿਤ ਲੈਕਚਰਾਰ ਕੋਲੋਂ ਆਪਣੀਆਂ ਹਾਜ਼ਰੀਆਂ ਬਾਰੇ ਪਤਾ ਕਰਦੇ ਰਹਿਣ।
3. ਵਿਦਿਆਰਥੀਆਂ ਦੇ ਮਾਂ-ਬਾਪ/ਸਰਪ੍ਰਸਤ ਆਪਣੇ ਬੱਚਿਆਂ ਦੀਆਂ ਹਾਜ਼ਰੀਆਂ ਬਾਰੇ, ਉਨ੍ਹਾਂ ਦੇ ਕਾਲਜ ਵਿੱਚ ਵਿਵਹਾਰ ਬਾਰੇ, ਉਨ੍ਹਾਂ ਦੇ ਮਹੀਨਾ ਵਾਰ ਕਲਾਸ ਟੈਸਟਾਂ ਅਤੇ ਘਰੇਲੂ ਇਮਤਿਹਾਨਾਂ ਵਿੱਚ ਕਾਰਗੁਜ਼ਾਰੀ ਬਾਰੇ ਖ਼ੁਦ ਸਮੇਂ-ਸਮੇਂ ਪਤਾ ਕਰਦੇ ਰਹਿਣ।
4. ਇੱਕ ਪੀਰੀਅਡ ਦੀ ਗ਼ੈਰ-ਹਾਜ਼ਰੀ ਜਾਂ ਪੂਰੇ ਦਿਨ ਦੀ ਗ਼ੈਰ-ਹਾਜ਼ਰੀ ਲਈ 10 ਰੁਪਏ ਜ਼ੁਰਮਾਨਾ ਲੱਗੇਗਾ।

## ਕਾਲਜ ਛੱਡਣ/ਨਾਂ ਕੱਟਿਆ ਜਾਣਾ

1. ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜਿਹੜਾ ਵਿਦਿਆਰਥੀ ਦਸ ਦਿਨ ਜਾਂ ਵੱਧ ਕਿਸੇ ਵੀ ਵਿਸ਼ੇ ਵਿੱਚੋਂ ਲਗਾਤਾਰ ਬਿਨਾਂ ਛੁੱਟੀ ਲਏ ਗ਼ੈਰ-ਹਾਜ਼ਰ ਰਹੇਗਾ, ਉਸ ਦਾ ਨਾਂ ਕਾਲਜ ਹਾਜਰੀ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇਗਾ।
2. ਅਜਿਹੀ ਹਾਲਤ ਵਿੱਚ ਵਿਦਿਆਰਥੀ ਦੇ ਵਿਸ਼ੇਸ਼ ਕਾਰਨਾਂ ਨੂੰ ਦੇਖ ਕੇ, ਵਿਦਿਆਰਥੀ ਵੱਲੋਂ ਮਾਪਿਆਂ ਨੂੰ ਨਾਲ ਲਿਆ ਕੇ ਅਤੇ ਪ੍ਰਿੰਸੀਪਲ ਦੀ ਆਗਿਆ ਮਿਲਣ 'ਤੇ ਹੀ ਦੁਬਾਰਾ ਦਾਖ਼ਲਾ ਮਿਲ ਸਕਦਾ ਹੈ।
3. ਜੇ ਕਿਸੇ ਵਿਦਿਆਰਥੀ ਦਾ ਵਿਵਹਾਰ ਠੀਕ ਨਹੀਂ ਹੋਵੇਗਾ ਤਾਂ ਪ੍ਰਿੰਸੀਪਲ ਉਸ ਦਾ ਨਾਂ ਕੱਟਣ ਦਾ ਆਦੇਸ਼ ਦੇ ਸਕਦੇ ਹਨ।
4. ਜਿਹੜਾ ਵਿਦਿਆਰਥੀ ਕਿਸੇ ਕਾਰਨ ਕਾਲਜ ਛੱਡਣਾ ਚਾਹੁੰਦਾ ਹੈ, ਉਹ ਇਸ ਲਈ ਬਿਨੈ-ਪੱਤਰ ਪ੍ਰਿੰਸੀਪਲ ਨੂੰ ਪੇਸ਼ ਕਰੇ, ਜਿਸ ਉੱਪਰ ਮਾਤਾ-ਪਿਤਾ ਦੇ ਦਸਤਖ਼ਤ ਹੋਣੇ ਚਾਹੀਦੇ ਹਨ। ਕਿਸੇ ਵਿਦਿਆਰਥੀ ਨੂੰ ਕਾਲਜ ਦਾ ਹਿਸਾਬ ਚੁਕਾਏ ਬਿਨਾਂ ਕਾਲਜ ਛੱਡਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
5. ਮੁੜ ਦਾਖ਼ਲੇ ਸਮੇਂ, ਪੀ.ਟੀ.ਏ. ਫ਼ੰਡ ਦੁਬਾਰਾ ਲਿਆ ਜਾਵੇਗਾ।
6. ਕਿਸੇ ਵੀ ਕਾਰਣ ਕਰਕੇ ਕਾਲਜ/ ਸਕੂਲ ਛੱਡਣ 'ਤੇ ਦਿੱਤੀ ਹੋਈ ਫੀਸ ਵਾਪਸ ਨਹੀਂ ਕੀਤੀ ਜਾਵੇਗੀ।

## ਛੁੱਟੀ ਲਈ ਨਿਯਮ

1. ਬਿਨੈ-ਪੱਤਰ ਛੁੱਟੀ 'ਤੇ ਜਾਣ ਤੋਂ ਪਹਿਲਾਂ ਦਿੱਤਾ ਜਾਣਾ ਚਾਹੀਦਾ ਹੈ।
2. ਤਿੰਨ ਦਿਨਾਂ ਤੱਕ ਦੀ ਛੁੱਟੀ ਟਿਊਟਰ ਰਾਹੀਂ ਮਿਲ ਸਕਦੀ ਹੈ। ਤਿੰਨ ਦਿਨਾਂ ਤੋਂ ਵੱਧ ਦੀ ਛੁੱਟੀ ਸੀਨੀਅਰ ਟਿਊਟਰ ਤੋਂ ਮਿਲ ਸਕਦੀ ਹੈ। ਸੱਤ ਦਿਨਾਂ ਤੋਂ ਵੱਧ ਦੀ ਛੁੱਟੀ ਪ੍ਰਿੰਸੀਪਲ ਤੋਂ ਮਨਜ਼ੂਰ ਕੀਤੀ ਜਾਵੇਗੀ।
3. ਵਿਦਿਆਰਥੀ ਵੱਲੋਂ ਛੁੱਟੀ ਕੱਟ ਕੇ ਆਉਣ ਤੋਂ ਬਾਅਦ ਦਿੱਤੀ ਗਈ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
4. ਛੁੱਟੀ ਸਮੇਂ ਲੱਗੀ ਗ਼ੈਰ-ਹਾਜ਼ਰੀ ਦਾ ਕੇਵਲ ਜ਼ੁਰਮਾਨਾ ਹੀ ਮੁਆਫ਼ ਕੀਤਾ ਜਾਵੇਗਾ, ਹੋਰ ਕੋਈ ਸਹੂਲਤ ਨਹੀਂ ਮਿਲੇਗੀ।

## ਘਰੇਲੂ ਪ੍ਰੀਖਿਆਵਾਂ

ਹਰ ਵਿਦਿਆਰਥੀ ਲਈ ਸਾਲਾਨਾ ਪ੍ਰੀਖਿਆ ਵਿੱਚ ਬੈਠਣ ਵਾਸਤੇ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ, ਜੋ ਹੇਠ ਲਿਖੀਆਂ ਹਨ:

1. ੳ) ਦਸੰਬਰ ਦੀ ਘਰੇਲੂ ਪ੍ਰੀਖਿਆ ਵਿੱਚ ਹਰ ਵਿਸ਼ੇ ਵਿੱਚੋਂ ਘੱਟੋਂ-ਘੱਟ 25% ਨੰਬਰ ਜਾਂ ਕੁਲ ਜੋੜ ਵਿੱਚ 33% ਨੰਬਰ ਲੈਣੇ ਜ਼ਰੂਰੀ ਹਨ।

   ਅ) ਜਿਹੜੇ ਵਿਦਿਆਰਥੀ ਘਰੇਲੂ ਪ੍ਰੀਖਿਆਵਾਂ (MST)ਦੀਆਂ ਨਿਰਧਾਰਿਤ ਸ਼ਰਤਾਂ ਪੂਰੀਆਂ ਨਹੀਂ ਕਰਦੇ, ਉਹ ਵਿਦਿਆਰਥੀ ਸਲਾਨਾ ਪ੍ਰੀਖਿਆ ਵਿੱਚ ਨਹੀਂ ਬੈਠ ਸਕਦੇ।

   ੲ) ਵਿਸ਼ੇਸ਼ ਕਾਰਨਾਂ ਕਰਦੇ ਨਿਰਧਾਰਿਤ ਸ਼ਰਤਾਂ ਨਾ ਪੂਰੀਆਂ ਕਰਨ ਵਾਲੇ ਵਿਦਿਆਰਥੀ ਲਈ ਪ੍ਰਿੰਸੀਪਲ ਦੀ ਆਗਿਆ ਨਾਲ ਸਪੈਸ਼ਲ ਟੈਸਟ ਲਿਆ ਜਾ ਸਕਦਾ ਹੈ। ਸਪੈਸ਼ਲ ਟੈਸਟ ਦੇਣ ਵਾਲੇ ਵਿਦਿਆਰਥੀ 100/- ਰੁਪਏ ਪ੍ਰਤੀ ਪੇਪਰ ਫ਼ੀਸ ਪ੍ਰੀਖਿਆ ਤੋਂ ਪਹਿਲਾਂ ਜਮ੍ਹਾ ਕਰਵਾਉਣਗੇ।

2. ਘਰੇਲੂ ਪ੍ਰੀਖਿਆ ਵਿੱਚ ਗ਼ੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਨੂੰ 50/- ਰੁਪਏ ਪ੍ਰਤੀ ਪੇਪਰ ਜ਼ੁਰਮਾਨਾ ਕੀਤਾ ਜਾਏਗਾ।
3. ਜੇ ਵਿਦਿਆਰਥੀ ਪ੍ਰੀਖਿਆ ਦੌਰਾਨ ਕਾਲਜ ਵੱਲੋਂ ਕਿਸੇ ਗਤੀਵਿਧੀ ਅਧੀਨ ਬਾਹਰ ਜਾਂਦਾ ਹੈ ਤਾਂ ਉਹ ਪ੍ਰਿੰਸੀਪਲ ਵੱਲੋਂ ਅਗਾਊਂ ਇਜਾਜ਼ਤ ਦੀ ਸੂਚਨਾ ਰਜਿਸਟਰਾਰ ਘਰੇਲੂ ਇਮਤਿਹਾਨ ਨੂੰ ਦੇਵੇ ਤਾਂ ਹੀ ਉਸ ਨੂੰ ਵਿਸ਼ੇਸ਼ ਪ੍ਰੀਖਿਆ ਵਿੱਚ ਬੈਠਣ ਦਿੱਤਾ ਜਾਵੇਗਾ।
4. ਮੈਡੀਕਲ ਆਧਾਰ 'ਤੇ ਸਤੰਬਰ ਪ੍ਰੀਖਿਆ ਵਿੱਚੋਂ ਛੋਟ ਲੈਣ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਪ੍ਰੀਖਿਆ ਤੋਂ ਪਹਿਲਾਂ (ਸਿਵਲ ਸਰਜਨ) ਤੋਂ ਲਿਆ ਸਰਟੀਫ਼ਿਕੇਟ ਪੇਸ਼ ਕਰਨਾ ਹੋਵੇਗਾ।

## ਸਾਈਕਲ, ਸਕੂਟਰ/ਮੋਟਰ ਸਾਈਕਲ ਸਟੈਂਡ

ਕਾਲਜ ਵਿੱਚ ਸਾਈਕਲ, ਸਕੂਟਰ/ਮੋਟਰ ਸਾਈਕਲ ਸਟੈਂਡ ਕਾਲਜ ਖੁੱਲ੍ਹਣ ਤੋਂ ਉਪਰੰਤ ਪ੍ਰਾਈਵੇਟ ਤੌਰ 'ਤੇ ਕੰਨਟ੍ਰੈਕਟ 'ਤੇ ਦਿੱਤਾ ਜਾਵੇਗਾ। ਵਾਹਨਾਂ ਦੀ ਸੁਰੱਖਿਆ ਲਈ ਨਿਮਨ ਲਿਖਤ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ।

1. ਸਾਈਕਲ ਸਟੈਂਡ ਸੇਵਾ ਕਾਲਜ ਖੁੱਲ੍ਹਣ ਤੋਂ ਅੱਧਾ ਘੰਟਾ ਪਹਿਲਾਂ ਤੇ ਕਾਲਜ ਬੰਦ ਹੋਣ ਤੋਂ ਅੱਧਾ ਘੰਟਾ ਬਾਅਦ ਵਿੱਚ ਪ੍ਰਦਾਨ ਕੀਤੀ ਜਾਵੇਗੀ।
2. ਵਾਹਣ ਰੱਖਣ ਲਈ ਕਾਲਜ ਸਟਾਫ਼, ਲੜਕੇ ਅਤੇ ਲੜਕੀਆਂ ਲਈ ਵੱਖ-ਵੱਖ ਸਥਾਨ ਨਿਸ਼ਚਿਤ ਹਨ।
3. ਜੇ ਕੋਈ ਵਿਦਿਆਰਥੀ ਬਿਨਾਂ ਫ਼ੀਸ ਦਿੱਤਿਆਂ ਵਾਹਨ ਲਿਆਉਂਦਾ ਹੈ ਤਾ ਉਸ ਪਾਸੋਂ ਬਣਦੀ ਫ਼ੀਸ ਤੋਂ ਬਿਨਾਂ ਜੁਰਮਾਨਾ ਵੀ ਲਿਆ ਜਾਵੇਗਾ। ਫੀਸ ਦਾ ਵੇਰਵਾ ਇਸ ਪ੍ਰਕਾਰ ਹੈ : ਸਾਈਕਲ 25/-ਰੁਪਏ ਮਹੀਨਾ, ਸਕੂਟਰ/ਮੋਟਰ ਸਾਈਕਲ 50/-ਰੁਪਏ ਮਹੀਨਾ, ਕਾਰ/ਜੀਪ 100/-ਰੁਪਏ ਮਹੀਨਾ। ਵਿਦਿਆਰਥੀ ਨੂੰ ਇਹ ਫ਼ੀਸ 10 ਮਹੀਨਿਆਂ ਦੀ ਦੇਣੀ ਹੋਵੇਗੀ।
4. ਉੱਪਰ ਦਿੱਤੀਆਂ ਹਿਦਾਇਤਾਂ ਤੋਂ ਇਲਾਵਾ ਸਾਈਕਲ ਸਟੈਂਡ ਨੂੰ ਉਸਾਰੂ ਢੰਗ ਨਾਲ ਚਲਾਉਣ ਲਈ ਪ੍ਰਿੰਸੀਪਲ ਦੀ ਆਗਿਆ ਨਾਲ ਕਮੇਟੀ ਵੱਲੋਂ ਨਵੇਂ ਨਿਯਮ ਬਣਾਏ ਜਾ ਸਕਦੇ ਹਨ।

## ਸਰੀਰਿਕ ਸਿੱਖਿਆ ਅਤੇ ਖੇਡ ਵਿੰਗ

ਪੰਜਾਬ ਸਰਕਾਰ ਦੇ ਖੇਡ ਵਿਭਾਗ ਦੁਆਰਾ ਕਾਲਜ ਵਿੱਚ ਖੇਡਾਂ ਦੀ ਪ੍ਰਫੁੱਲਤਾ ਲਈ ਅਥਲੈਟਿਕਸ, ਵਾਲੀਬਾਲ ਅਤੇ ਕਬੱਡੀ ਦੇ ਤਿੰਨ ਵਿੰਗ ਦਿੱਤੇ ਗਏ ਹਨ। ਕਾਲਜ ਵਿੱਚ ਅਥਲੈਟਿਕਸ ਅਤੇ ਖੇਡਾਂ ਦਾ ਸੁਚੱਜਾ ਪ੍ਰਬੰਧ ਹੈ ਜਿਵੇਂ ਕਿ ਹਾਕੀ, ਫੁਟਬਾਲ, ਕ੍ਰਿਕੇਟ, ਵਾਲੀਬਾਲ, ਕਬੱਡੀ, ਬੈਡਮਿੰਟਨ, ਬਾਕਸਿੰਗ, ਮਾਰਸ਼ਲ ਆਰਟ, ਗਤਕਾ, ਵੁਸ਼ੂ ਅਤੇ ਕਰਾਟੇ ਆਦਿ। ਖਿਡਾਰੀਆਂ ਦਾ ਉਤਸ਼ਾਹ ਵਧਾਉਣ ਲਈ ਗਰੁੱਪ ਮੁਕਾਬਲਿਆਂ ਅਤੇ ਅੰਤਰ-ਸ਼੍ਰੇਣੀ ਖੇਡ ਮੁਕਾਬਲਿਆਂ ਦਾ ਸੁਚੱਜਾ ਪ੍ਰਬੰਧ ਹੈ। ਸਰੀਰਿਕ ਸਿੱਖਿਆ ਦਾ ਵਿਸ਼ਾ ਲੈਣ ਵਾਲੇ ਵਿਦਿਆਰਥੀ-ਵਿਦਿਆਰਥਣਾਂ ਲਈ ਅਥਲੈਟਿਕਸ ਦੇ ਦੋ ਈਵੈਂਟਸ ਅਤੇ ਉੱਪਰ ਲਿਖੀਆਂ ਖੇਡਾਂ ਵਿੱਚੋਂ ਇੱਕ ਵਿੱਚ ਹਿੱਸਾ ਲੈਣਾ ਜ਼ਰੂਰੀ ਹੈ।

## ਪੀ.ਟੀ.ਏ. ਸਭਾ

ਕਾਲਜ ਵਿੱਚ ਅਧਿਆਪਕ ਮਾਪੇ ਸਭਾ ਦਾ ਜਨਰਲ ਇਜਲਾਸ ਹਰ ਸਾਲ 8 ਅਗਸਤ, (ਛੁੱਟੀ ਹੋਣ ਦੀ ਸੂਰਤ ਵਿੱਚ ਅਗਲਾ, ਕੰਮਕਾਰ ਦਾ ਦਿਨ) ਨੂੰ ਕਾਲਜ ਵਿਖੇ 11:00 ਵਜੇ ਰੱਖਿਆ ਗਿਆ ਹੈ। ਜਿਸ ਵਿੱਚ ਪੀ.ਟੀ.ਏ. ਕਾਰਜਕਾਰਨੀ ਸਭਾ ਦੀ ਚੋਣ ਕੀਤੀ ਜਾਵੇਗੀ। ਇਸ ਵਿੱਚ ਵਿਦਿਆਰਥੀਆਂ ਦੇ ਚੰਗੇ ਭਵਿੱਖ ਅਤੇ ਕਾਲਜ ਦੇ ਵਿਕਾਸ ਸਬੰਧੀ ਵਿਚਾਰ ਚਰਚਾ ਕੀਤੀ ਜਾਵੇਗੀ। ਵਿਦਿਆਰਥੀਆਂ ਦੇ ਮਾਪੇ ਇਸ ਵਿੱਚ ਭਾਗ ਲੈਣਗੇ। ਇਸ ਤੋਂ ਇਲਾਵਾ ਹਰ ਸਾਲ 15 ਮਾਰਚ (ਛੁੱਟੀ ਹੋਣ ਦੀ ਸੂਰਤ ਵਿੱਚ ਅਗਲਾ ਕੰਮਕਾਰ ਦਾ ਦਿਨ) ਨੂੰ ਵੀ ਜਰਨਲ ਬਾਡੀ ਦੀ ਮੀਟਿੰਗ ਹੋਵੇਗੀ। ਇੰਨ੍ਹਾਂ ਮੀਟਿੰਗਾਂ ਲਈ ਵੱਖਰਾ ਸੱਦਾ-ਪੱਤਰ ਜਾਂ ਸੂਚਨਾ ਆਦਿ ਨਹੀਂ ਭੇਜੀ ਜਾਏਗੀ।

## ਟਿਊਟੋਰੀਅਲ ਪ੍ਰਣਾਲੀ

ਕਾਲਜ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਦਾ ਇੱਕ ਟਿਊਟੋਰੀਅਲ ਗਰੁੱਪ ਨਿਯਤ ਕੀਤਾ ਜਾਂਦਾ ਹੈ ਅਤੇ ਉਸ ਨੂੰ ਇੱਕ ਟਿਊਟਰ ਦੀ ਖ਼ਾਸ ਨਿਗਰਾਨੀ ਹੇਠ ਰੱਖਿਆ ਜਾਂਦਾ ਹੈ। ਟਿਊਟਰ ਵਿਦਿਆਰਥੀ ਦੇ ਕਾਲਜ ਵਿੱਚ ਕੰਮਾਂ-ਕਾਰਾਂ ਸਬੰਧੀ ਸਲਾਹ ਦਿੰਦਾ ਹੈ ਅਤੇ ਉਸ ਦੀ ਭਲਾਈ ਦਾ ਧਿਆਨ ਰੱਖਦਾ ਹੈ। ਵਿਦਿਆਰਥੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਰਿਆਇਤਾਂ ਬੱਸ ਪਾਸ/ਪਹਿਚਾਣ ਪੱਤਰ/ਚਰਿੱਤਰ ਸਰਟੀਫ਼ਿਕੇਟ/ਦੁਬਾਰਾ ਦਾਖ਼ਲਾ/ਦਾਖ਼ਲਾ ਫ਼ਾਰਮ/ਹਾਜ਼ਰੀਆਂ ਦੀ ਪੂਰਤੀ ਆਦਿ ਟਿਊਟਰ ਦੀ ਸਿਫ਼ਾਰਿਸ਼ 'ਤੇ ਹੀ ਮਿਲਣਗੀਆਂ। ਟਿਊਟੋਰੀਅਲ ਪੀਰੀਅਡ ਵਿੱਚੋਂ ਗ਼ੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਜ਼ੁਰਮਾਨਾ ਕੀਤਾ ਜਾਵੇਗਾ।

## ਹੋਸਟਲ ਦੀ ਸਹੂਲਤ

ਕਾਲਜ ਕੈਂਪਸ ਵਿੱਚ ਅਤਿ-ਆਧੁਨਿਕ, ਖੁੱਲਾ-ਹਵਾਦਾਰ ਅਤੇ Wi-Fi (ਵਾਈ-ਫਾਈ) ਨਾਲ ਸੁਸੱਜਿਤ ਹੋਸਟਲ ਹੈ। ਹੋਸਟਲ ਵਿੱਚ ਲੜਕੇ ਅਤੇ ਲੜਕੀਆਂ ਲਈ ਵੱਖਰਾ ਇੰਤਜ਼ਾਮ ਹੈ।

## ਕਾਊਂਸਲਿੰਗ ਅਤੇ ਗਾਈਡੈਂਸ ਸੈਲ

ਵਿਦਿਆਰਥੀਆਂ ਨੂੰ ਮਾਨਸਿਕ ਉਲਝਣਾਂ ਤੋਂ ਬਚਾਉਣ ਲਈ ਸਮੇਂ ਸਮੇਂ ਉਹਨਾਂ ਦੀ ਯੋਗ ਅਗਵਾਈ ਅਤੇ ਸਹਾਇਤਾ ਲਈ ਕਾਲਜ ਵਿੱਚ ਕਾਊਂਸਲਿੰਗ ਅਤੇ ਗਾਈਡੈਂਸ ਸੈਲ ਕਾਰਜਸ਼ੀਲ ਹੈ।

## ਐਨ. ਸੀ. ਸੀ.

ਕਾਲਜ ਵਿੱਚ ਐਨ. ਸੀ. ਸੀ. (NCC) ਯੂਨਿਟ 20 ਪੰਜਾਬ ਬਟਾਲੀਅਨ ਸਥਾਪਿਤ ਕੀਤਾ ਗਿਆ ਹੈ ਤਾਂ ਕਿ ਵਿਦਿਆਰਥੀਆਂ ਦਾ ਸਰਬ ਪੱਖੀ ਵਿਕਾਸ ਹੋ ਸਕੇ। ਉਹ ਆਰਮੀ, ਪੁਲੀਸ, ਬੀ.ਐਸ.ਐਫ. ਅਤੇ ਸੀ.ਆਰ. ਪੀ. ਐਫ. ਆਦਿ ਜੁਆਇਨ ਕਰ ਸਕਣ।

## ਐਨ. ਐਸ. ਐਸ.

ਕਾਲਜ ਵਿੱਚ ਕੌਮੀ ਸੇਵਾ ਯੋਜਨਾ (NSS) ਦੇ (ਸਕੂਲ ਅਤੇ ਕਾਲਜ) ਲਈ ਦੋ ਵੱਖਰੇ ਯੂਨਿਟ ਹਨ। ਇਸ ਦੀਆਂ ਗਤੀਵਿਧੀਆਂ ਤਹਿਤ ਵਿਦਿਆਰਥੀਆਂ ਨੂੰ ਨੈਸ਼ਨਲ ਇੰਟੀਗਰੇਸ਼ਨ , ਯੂਥ ਲੀਡਰਸ਼ਿਪ, ਹਾਈਕਿੰਗ-ਟ੍ਰੈਕਿੰਗ, ਰਿਪਬਲਿਕ ਡੇਅ ਪਰੇਡ ਆਦਿ ਕੈਂਪਾ 'ਚ ਹਿੱਸਾ ਲੈਣ ਦਾ ਮੌਕਾ ਮਿਲਦਾ ਹੈ।

## ਰੈਡ ਕਰਾਸ

ਕਾਲਜ ਵਿੱਚ ਵਿਦਿਆਰਥੀਆਂ ਲਈ ਮੁੱਢਲੀ ਸਹਾਇਤਾ, ਸਿਹਤ ਸੰਭਾਲ ਅਤੇ ਸਮਾਜ ਸੇਵਾ ਲਈ ਪ੍ਰੇਰਿਤ ਕਰਨ ਲਈ ਰੈਡ ਕਰਾਸ ਦੀਆਂ ਗਤੀਵਿਧੀਆਂ ਦਾ ਆਯੋਜਨ ਹੈ।

## ਵਿਸ਼ੇਸ਼

1. ਪ੍ਰਿੰਸੀਪਲ ਸਾਹਿਬ ਨੂੰ ਅਧਿਕਾਰ ਹੈ ਕਿ ਉਹ ਕਿਸੇ ਵੀ ਨਿਯਮ ਵਿੱਚ ਸੋਧ ਜਾਂ ਤਬਦੀਲੀ ਕਰ ਸਕਦੇ ਹਨ।
2. ਕਾਲਜ ਵਿੱਚ ਆਉਣ ਸਮੇਂ ਵਿਦਿਆਰਥੀ ਕੋਲ ਆਪਣਾ ਸ਼ਨਾਖ਼ਤੀ ਕਾਰਡ ਹੋਣਾ ਚਾਹੀਦਾ ਹੈ। ਕਾਲਜ ਦੇ ਕਿਸੇ ਵੀ ਅਧਿਕਾਰੀ ਵੱਲੋਂ ਸ਼ਨਾਖ਼ਤੀ ਕਾਰਡ ਚੈਕ ਕੀਤਾ ਜਾ ਸਕਦਾ ਹੈ।
3. ਵਿਦਿਆਰਥੀਆਂ ਲਈ ਹਰੇਕ ਸੂਚਨਾ ਨੋਟਿਸ ਬੋਰਡ 'ਤੇ ਲਗਾਈ ਜਾਂਦੀ ਹੈ। ਇਸ ਲਈ ਵਿਦਿਆਰਥੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਰੋਜ਼ਾਨਾ ਨੋਟਿਸ ਬੋਰਡ ਪੜ੍ਹਿਆ ਜਾਵੇ ਤਾਂ ਕਿ ਹਰ ਸੂਚਨਾ ਦੀ ਜਾਣਕਾਰੀ ਸਮੇਂ ਸਿਰ ਲਈ ਜਾ ਸਕੇ।
4. ਵਿਦਿਆਰਥੀਆਂ ਦੁਆਰਾ ਕਾਲਜ ਕੈਂਪਸ ਵਿੱਚ ਕੋਈ ਵੀ ਰੈਲੀ, ਮੁਜ਼ਾਹਰਾ ਜਾਂ ਮੀਟਿੰਗ,ਪ੍ਰਿੰਸੀਪਲ ਸਾਹਿਬ ਦੀ ਅਗੇਤੀ ਮੰਨਜ਼ੂਰੀ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ।
5. ਕਾਲਜ ਦੀ ਇਮਾਰਤ ਜਾਂ ਫਰਨੀਚਰ ਦੀ ਭੰਨ-ਤੋੜ ਜਾਂ ਨੁਕਸਾਨ ਕਰਨ ਵਾਲੇ ਨੂੰ ਭਾਰੀ ਜ਼ੁਰਮਾਨਾ ਕੀਤਾ ਜਾਵੇਗਾ।
6. **ਕਾਲਜ ਦੀ ਹੱਦ ਅੰਦਰ ਨਸ਼ਿਆਂ ਦੀ ਪੂਰਨ ਤੌਰ 'ਤੇ ਮਨਾਹੀ ਹੈ।** ਕਾਲਜ ਅੰਦਰ ਕਿਸੇ ਵੀ ਤਰ੍ਹਾਂ ਦੇ ਨਸ਼ੇ ਦਾ ਪ੍ਰਯੋਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਸਨੂੰ ਕਾਲਜ ਵਿੱਚੋਂ ਕੱਢਿਆ ਵੀ ਜਾ ਸਕਦਾ ਹੈ।
7. ਕਾਲਜ ਦੇ ਨਿਯਮ ਭੰਗ ਕਰਨ ਵਾਲੇ, ਦੁਰਵਿਵਹਾਰ ਕਰਨ ਵਾਲੇ ਵਿਦਿਆਰਥੀ ਵਿਰੁੱਧ ਕਾਰਵਾਈ ਕਰਨ ਦਾ ਹੱਕ ਕਾਲਜ ਕੋਲ ਹੋਵੇਗਾ।
8. ਕਾਲਜ ਕੈਂਪਸ ਨੂੰ ਸਾਫ਼ ਰੱਖਣਾ ਹਰੇਕ ਵਿਦਿਆਰਥੀ ਦੀ ਜ਼ਿੰਮੇਵਾਰੀ ਹੈ।

## ਕਾਲਜ ਵਿੱਚ ਹੋਰ ਸਹੂਲਤਾਂ

1. ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਮਿਆਰੀ ਅਤੇ ਸਮੇਂ ਦੇ ਹਾਣ ਦੀ ਸਿੱਖਿਆ।
2. ਸਿੱਖਿਆ ਦੀਆਂ ਆਧੁਨਿਕ ਤਕਨੀਕਾਂ ਦੀ ਵਰਤੋਂ ਲਈ ਮੁਫ਼ਤ 4G Wi-Fi ਕੈਂਪਸ ਅਤੇ ਹੋਸਟਲ।
3. ਵਿਦਿਆਰਥੀਆਂ ਦੀ ਸੁਰੱਖਿਆ ਲਈ ਸੀ.ਸੀ.ਟੀ.ਵੀ. (CCTV) ਕੈਮਰੇ-ਯੁਕਤ ਕੈਂਪਸ।
4. ਵਿਦਿਆਰਥੀਆਂ ਦੀ ਉਚੇਰੀ ਸਿੱਖਿਆ ਦੀ ਰਹਿਨੁਮਾਈ ਅਤੇ ਸਰਬਪੱਖੀ ਵਿਕਾਸ ਲਈ ਵਿਸ਼ੇਸ਼ ਉੱਚ ਸਿੱਖਿਅਤ ਦੇਸ਼ ਅਤੇ ਵਿਦੇਸ਼ ਨਾਲ ਸੰਬੰਧਿਤ ਸਲਾਹਕਾਰ ਬੋਰਡ।
5. ਕਾਲਜ ਵਿੱਚ ਵਿਦਿਆਰਥੀਆਂ ਦੀ ਸਰੀਰਕ ਤੰਦਰੁਸਤੀ ਲਈ ਕਾਲਜ ਵਿੱਚ ਸ਼ੁੱਧ ਆਰ ਓ ਪਾਣੀ (RO Water) ਦੀ ਸਹੂਲਤ ਹੈ।
6. ਸਟੇਟ ਆਫ਼ ਦਿ ਆਰਟ ਕੈਫ਼ੇਟੇਰੀਆ।
7. ਅਲਟਰਾ ਮਾਡਰਨ Viva Fitness (USA) ਜਿੰਮ।
8. ਅਤਿ-ਆਧੁਨਿਕ ਕੰਮਪਿਊਟਰ ਲੈਬਜ਼।
9. ਵਿਦਿਆਰਥੀਆਂ ਦੇ ਕਾਲਜ ਆਉਣ ਲਈ ਬੱਸ ਪਾਸ, ਕਾਲਜ ਬੱਸ ਅਤੇ ਵੈਨ ਦੀ ਸਹੂਲਤ।
10. ਕਾਲਜ ਵਿਚ ਲੜਕੀਆਂ ਲਈ ਵੱਖਰੇ ਕਾਮਨ ਰੂਮ ਦਾ ਪ੍ਰਬੰਧ ਹੈ।
11. ਸਮੇਂ ਸਮੇਂ ਮੈਡੀਕਲ ਕੈਂਪਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।
12. ਕਾਲਜ ਵਿੱਚ ਸੱਭਿਆਚਾਰ ਦੀ ਪ੍ਰਫੁੱਲਤਾ ਲਈ **ਭੰਗੜੇ, ਗਿੱਧੇ ਅਤੇ ਡਰਾਮੇ ਆਦਿ ਲਈ ਵਿਸ਼ੇਸ਼ ਕੈਂਪਾਂ** ਦਾ ਆਯੋਜਨ ।
13. ਵਿਦਿਆਰਥੀਆਂ ਦੇ ਮਾਨਸਿਕ ਵਿਕਾਸ ਲਈ ਵਿਦਿਅਕ ਟੂਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

- **ਪ੍ਰਾਸਪੈਕਟਸ ਛਪਣ ਤੋਂ ਬਾਅਦ ਯੂ.ਜੀ.ਸੀ/ਪੰਜਾਬ ਸਰਕਾਰ /ਡੀ.ਪੀ.ਆਈ.(ਕਾਲਜਾਂ) ਪੰਜਾਬ, ਪੰਜਾਬੀ ਯੂਨੀਵਰਸਿਟੀ ਅਤੇ ਕਿਸੇ ਹੋਰ ਸਰਕਾਰੀ ਵਿਭਾਗ ਵੱਲੋਂ ਜੇ ਕਿਸੇ ਨਿਯਮ ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਜਾਂ ਕੋਈ ਨਵਾਂ ਨਿਯਮ ਲਾਗੂ ਕੀਤਾ ਜਾਂਦਾ ਹੈ ਤਾਂ ਕਾਲਜ ਵਿੱਚ ਉਸ ਨਿਯਮ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ। ਵਿਦਿਆਰਥੀਆਂ ਲਈ ਕਾਲਜ ਵੱਲੋਂ ਸਮੇਂ-ਸਮੇਂ ਸਿਰ ਨੋਟਿਸ ਬੋਰਡ ਉੱਪਰ ਨੋਟਿਸ ਲਗਾ ਕੇ ਸਬੰਧਤ ਜਾਣਕਾਰੀ ਦਿੱਤੀ ਜਾਵੇਗੀ।**
- **ਇਹ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ ਨਹੀਂ ਹੈ। ਇਸ ਵਿੱਚ ਦਰਜ ਕਿਸੇ ਵੀ ਨਿਯਮ/ਸ਼ਰਤ ਆਦਿ ਵਿੱਚ ਸਮਰਥ ਅਧਿਕਾਰੀ ਨੂੰ ਤਬਦੀਲੀ ਕਰਨ ਦਾ ਪੂਰਾ ਅਧਿਕਾਰ ਹੈ।**